# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ:01-06-2025**

- ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ-ਕੇਂਦਰ ਸਰਕਾਰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ, ਫੋਰੈਂਸਿਕ ਸਬੂਤ-ਅਧਾਰਤ ਪਹੁੰਚ ਨੂੰ ਤਰਜੀਹ ਦੇ ਰਹੀ ਏ।
- ਤੇਲ ਕੰਪਨੀਆਂ ਨੇ ਅੱਜ ਤੋਂ 19 ਕਿਲੋਗ੍ਰਾਮ ਵਾਲੇ ਵਪਾਰਕ ਐਲ.ਪੀ.ਜੀ ਸਿਲੰਡਰ ਦੀ ਕੀਮਤ ਵਿਚ 24 ਰੁਪਏ ਕੀਤੀ ਕਟੌਤੀ।
- ਪਟਿਆਲਾ ਵਿਚ ਅਸਮਾਨੀ ਬਿਜਲੀ ਡਿਗਣ ਕਰਕੇ ਤਿੰਨ ਘਰ ਨੁਕਸਾਨੇ ਗਏ- ਸਿਹਤ ਮੰਤਰੀ ਨੇ ਪੀੜਿਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਦੇਣ ਦਾ ਕੀਤਾ ਐਲਾਨ I
- ਦੁੱਧ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਅੱਜ ਵਿਸ਼ਵ ਦੁੱਧ ਦਿਵਸ ਮਨਾਇਆ ਜਾ ਰਿਹਾ ਏ।
- 25ਵੀਂ ਫਿੱਟ ਇੰਡੀਆ 'ਸੰਡੇਸ ਓਨ ਸਾਈਕਲ' ਪਹਿਲਕਦਮੀ ਤਹਿਤ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਾਈਕਲ ਰੈਲੀ ਦਾ ਆਯੋਜਨ।

- IPL ਕ੍ਰਿਕਟ ਦੇ ਦੂਜੇ ਕੁਆਲੀਫਾਇਰ ਵਿੱਚ, ਮੁੰਬਈ ਇੰਡੀਅਨਜ਼ ਦਾ ਮੁਕਾਬਲਾ ਅੱਜ ਪੰਜਾਬ ਕਿੰਗਜ਼ ਨਾਲ ਹੋਵੇਗਾ ।

-----------------------------------------------------

ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਕੇਂਦਰ ਸਰਕਾਰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਫੋਰੈਂਸਿਕ ਸਬੂਤ-ਅਧਾਰਤ ਪਹੁੰਚ ਨੂੰ ਤਰਜੀਹ ਦੇ ਰਹੀ ਏ । ਕੋਲਕਾਤਾ ਦੇ ਰਾਜੇ-ਰਹਾਟ ਵਿੱਚ ਨਵੀਂ ਕੇਂਦਰੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾ ਇਮਾਰਤ ਦਾ ਉਦਘਾਟਨ ਕਰਦੇ ਹੋਏ, ਅਮਿਤ ਸ਼ਾਹ ਨੇ ਕਿਹਾ ਕਿ ਫੋਰੈਂਸਿਕ ਬੁਨਿਆਦੀ ਢਾਂਚੇ ਦਾ ਨਵੀਨੀਕਰਨ ਇਸ ਯਤਨ ਦਾ ਇੱਕ ਮਹੱਤਵਪੂਰਨ ਹਿੱਸਾ ਏ ।

BYTE:

-----------------------------------------------------

ਤੇਲ ਕੰਪਨੀਆਂ ਨੇ ਅੱਜ ਤੋਂ 19 ਕਿਲੋਗ੍ਰਾਮ ਵਾਲੇ ਵਪਾਰਕ ਐਲ.ਪੀ.ਜੀ ਸਿਲੰਡਰ ਦੀ ਕੀਮਤ ਵਿਚ 24 ਰੁਪਏ ਕਟੌਤੀ ਕੀਤੀ ਏ । ਦਿੱਲੀ ਵਿੱਚ ਇਸ ਸਿਲੰਡਰ ਦੀ ਸੋਧੀ ਹੋਈ ਪ੍ਰਚੂਨ ਕੀਮਤ ਹੁਣ 1 723 ਰੁਪਏ 50 ਪੈਸੇ ਹੋ ਗਈ ਏ । ਘਰੇਲੂ ਐਲ.ਪੀ.ਜੀ ਸਿਲੰਡਰ ਦੀ ਕੀਮਤ ਪਹਿਲਾਂ ਵਾਂਗ ਹੀ ਰਹੇਗੀ। ਇਸ ਸਾਲ ਅਪ੍ਰੈਲ ਵਿੱਚ ਘਰੇਲੂ ਐਲ.ਪੀ.ਜੀ ਸਿਲੰਡਰ ਦੀ ਕੀਮਤ ਵਿਚ 41 ਰੁਪਏ ਕਟੌਤੀ ਕੀਤੀ ਗਈ ਸੀ।

-------------------------------------------------------------

ਪਟਿਆਲਾ ਦੇ ਖਾਲਸਾ ਨਗਰ ਵਿਖੇ ਅਸਮਾਨੀ ਬਿਜਲੀ ਡਿਗਣ ਕਰਕੇ ਤਿੰਨ ਘਰ ਨੁਕਸਾਨੇ ਗਏ। ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਤੁਰੰਤ ਘਟਨਾਂ ਵਾਲੀ ਥਾਂ ‘ ਤੇ ਪੰਹੁਚ ਕੇ ਪ੍ਰਭਾਵਿਤ ਪਰਿਵਾਰਾਂ ਦੇ ਹਾਲਾਤ  ਦਾ ਜਾਇਜਾ ਲਿਆ। ਉਹਨਾਂ ਪ੍ਰਭਾਵਿਤ ਘਰਾਂ ਦਾ ਮੁਆਇਨਾਂ ਕੀਤਾ ਅਤੇ ਤੁਰੰਤ ਮਾਲੀ ਸਹਾਇਤਾ ਦੇਣ ਦੇ ਨਿਰਦੇਸ਼ ਜਾਰੀ ਕੀਤੇ । ਸਿਹਤ ਮੰਤਰੀ ਨੇ ਪਰਿਵਾਰ ਨੂੰ ਭਰੋਸਾ ਦਵਾਇਆ ਕਿ ਦੁੱਖ ਦੀ ਇਸ ਘੜੀ ਵਿੱਚ ਉਹ, ਪਰਿਵਾਰ ਦੇ ਨਾਲ ਨੇ ਅਤੇ ਪ੍ਰਭਾਵਿਤ ਪਰਿਵਾਰਾਂ ਦੀ ਸਰਕਾਰ ਵੱਲੋਂ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਪੂਰੀ ਸੰਭਵ ਮਦਦ ਕੀਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਤੁਰੰਤ ਜਾਰੀ ਕਰਵਾਈ ਜਾਵੇਗੀ ਅਤੇ ਮੁੜ ਵਸੇਬੇ  ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਹਨਾਂ ਵਿਭਾਗੀ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ । ਸਿਹਤ ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਵਾਂ ਮਕਾਨ ਬਣਾਉਣ ਸਮੇਂ ਸਹੀ ਤਰੀਕੇ ਨਾਲ ਅਰਥਿੰਗ ਕਰਵਾਉਣਾ ਅਤੇ ਅਜਿਹੀਆਂ ਘਟਨਾਂਵਾਂ ਤੋਂ ਬਚਣ ਲਈ ਲੋਕਾਂ ਨੂੰ ਜਾਗਰੂਕ ਹੋਣ ਦੀ

ਲੋੜ ਏ । ਜ਼ਿਕਰਯੋਗ ਏ ਕਿ ਅਸਮਾਨੀ ਬਿਜਲੀ ਗਈਂ ਕਾਰਨ ਇਨਾ ਘਰਾਂ ਦਾ ਸਮਾਨ ਨੁਕਸਨੇਆਂ ਗਿਆ ਏ ।

----------------------------------------------------

ਦੁਨੀਆ ਸਮੇਤ ਭਾਰਤ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਦੀ ਤਿਆਰੀ ਕਰ ਰਿਹੈ ਏ । ਅਜਿਹੇ ਸਮੇਂ ਇਹ ਸਮਝਣਾ ਜ਼ਰੂਰੀ ਏ, ਕਿ ਸਕੂਲ, ਵਾਤਾਵਰਣ ਦੀ ਸਾਂਭ -ਸੰਭਾਲ ਅਤੇ ਨਿਰੰਤਰ ਰਹਿਣਯੋਗ ਵਿਕਾਸ ਪ੍ਰਤੀ ਆਉਣ ਵਾਲੀਆਂ ਪੀੜ੍ਹੀਆਂ ਦੀ ਸੋਚ ਅਤੇ ਵਿਵਹਾਰ ਨੂੰ ਢਾਲਣ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਨੇ।

**ਪੇਸ਼ ਏ ਇੱਕ ਰਿਪੋਰਟ**

*ਵਾਤਾਵਰਣ ਦੀ ਸਾਂਭ-ਸੰਭਾਲ ਵਿੱਚ ਸਕੂਲਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਮੁਖ ਰੱਖਦਿਆਂ, ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ, ਵਿਸ਼ਵ ਵਾਤਾਵਰਣ ਦਿਵਸ ਦੇ ਸਿਲਸਿਲੇ ਵਿਚ ਕੱਲ੍ਹ ਵੱਖ-ਵੱਖ ਗਤਿਵਿਧੀਆਂ ਕਰਵਾਈਆਂ ਗਈਆਂ । ਇਸ ਸਾਲ ਦੇ ਵਿਸ਼ੇ 'ਵਿਸ਼ਵ ਪੱਧਰ 'ਤੇ ਪਲਾਸਟਿਕ ਪ੍ਰਦੂਸ਼ਣ ਦਾ ਅੰਤ' ਤਹਿਤ ਕਰਵਾਈਆਂ ਗਈਆਂ, ਇਨਾਂ ਗਤੀਵਿਧੀਆਂ 'ਚ ਪੰਜਾਬ ਦੇ 19 ਹਜ਼ਾਰ ਤੋਂ ਵੱਧ ਸਕੂਲਾਂ ਨੇ ਹਿੱਸਾ ਲਿਆ। ਮੁੱਖ ਗਤੀਵਿਧੀਆਂ ਵਿੱਚ ਬੂਟੇ ਲਾਉਣ ਦੀ ਮੁਹਿੰਮ ਸ਼ਾਮਲ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਬੂਟੇ ਲਾਕੇ, ਉਹਨਾਂ ਦੀ ਸਾਂਭ -ਸੰਭਾਲ ਦੀ ਜ਼ਿੰਮੇਵਾਰੀ ਵੀ ਲਈ । ਵਿਦਿਆਰਥੀਆਂ*

*ਨੂੰ ਪਲਾਸਟਿਕ ਦੇ ਬੈਗ ਦੀ ਥਾਂ ਕਪੜੇ ਦੇ ਬੈਗ ਬਣਾਉਣ ਅਤੇ ਵਰਤਣ ਲਈ ਪ੍ਰੇਰਿਤ ਕਰਨ ਵਾਸਤੇ , ਕਪੜੇ ਦੇ ਬੈਗ ਬਣਾਉਣ ਦੀ ਸਿਖਲਾਈ ਵੀ ਦਿੱਤੀ ਗਈ। ਨਾਲ ਹੀ ਮਾਪਿਆਂ ਅਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ, ਮਾਪੇ ਅਧਿਆਪਕ ਮਿਲਣੀ ਦੌਰਾਨ ਕਪੜੇ ਦੇ ਬੈਗ ਵੀ ਵੰਡੇ ਗਏ । ਇਸ ਤੋਂ ਇਲਾਵਾ ਜਿਨ੍ਹਾਂ ਸਕੂਲਾਂ ਕੋਲ School Nutrition Garden ਨਹੀਂ ਸੀ, ਉਨ੍ਹਾਂ ਨੇ ਇਸ ਦਿਨ ਨਵੇਂ Nutrition Garden ਸ਼ੁਰੂ ਕਰਕੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੁੜਨ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਅਹਿਮੀਅਤ ਨੂੰ ਸਮਝਣ ਦਾ ਮੌਕਾ ਦਿੱਤਾ । ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ...*

----------------------------------------------------------------

ਅੱਜ ਵਿਸ਼ਵ ਦੁੱਧ ਦਿਵਸ ਏ । ਇਹ ਦਿਨ ਰੋਜ਼ੀ-ਰੋਟੀ ਦੇ ਇੱਕ ਪ੍ਰਮੁੱਖ ਸਰੋਤ ਵਜੋਂ ਦੁੱਧ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਮਨਾਇਆ ਜਾਂਦਾ ਏ । ਵਿਸ਼ਵ ਪੱਧਰ 'ਤੇ, ਦੁੱਧ ਦਾ ਉਤਪਾਦਨ ਪ੍ਰਤੀ ਸਾਲ ਦੋ ਫੀਸਦੀ ਦੀ ਦਰ ਨਾਲ ਵਧ ਰਿਹਾ ਏ , ਪਰ ਭਾਰਤ ਵਿੱਚ ਇਸਦੀ ਵਿਕਾਸ ਦਰ 5.7 ਫੀਸਦੀ ਏ । ਅੱਜ ਦੁਨੀਆ ਦੇ ਦੁੱਧ ਉਤਪਾਦਨ ਦਾ ਇੱਕ ਚੌਥਾਈ ਹਿੱਸਾ ਭਾਰਤ ਵਿੱਚ ਹੁੰਦਾ ਏ । ਪੰਜਾਬ ਮਿਲਕਫੈੱਡ ਦੇ ਪ੍ਰਬੰਧ ਨਿਦੇਸ਼ਕ ਰਾਹੁਲ ਗੁਪਤਾ ਨੇ ਇਸ ਮੌਕੇ ਕਿਸਾਨਾਂ ਨੂੰ ਅਪੀਲ

ਕੀਤੀ**BYTE:**

ਪੰਜਾਬ ਵਿਚ ਵੀ ਕਿਸਾਨ ਦੁੱਧ ਉਤਪਾਦਨ ਵਿਚ ਆਪਣਾ ਅਹਿਮ ਯੋਗਦਾਨ ਪਾਉਂਦੇ ਨੇ ਨਾਲ ਦੀ ਨਾਲ ਇਹ ਉਨ੍ਹਾਂ ਦੀ ਆਮਦਨ ਦਾ ਚੰਗਾ ਵਸੀਲਾ ਵੀ ਏ । ਇਸ ਮੌਕੇ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਨਾਲ ਆਪਣੇ ਤਜਰਬੇ ਸਾਂਝੇ ਕਰਦਿਆਂ ਬਠਿੰਡਾ ਅਤੇ ਮੋਹਾਲੀ ਦੇ ਕਿਸਾਨਾਂ ਨੇ ਕਿਹਾ । **BYTE**:

-----------------------------------------------------------

ਹੁਸ਼ਿਆਰਪੁਰ ਵਿਚ ਸਹਾਇਕ ਸਿਖਲਾਈ ਕੇਂਦਰ, BSF, ਖੜਕਣ ਕੈਂਪ ਵਿਖੇ ਮਹਿਲਾ ਭਰਤੀ ਕਾਂਸਟੇਬਲਾਂ ਦੀ ਪ੍ਰਮਾਣਿਕਤਾ ਪਰੇਡ ਦਾ ਆਯੋਜਨ ਕੀਤਾ ਗਿਆ । 40 ਮਹਿਲਾ ਭਰਤੀ ਕਾਂਸਟੇਬਲਾਂ 24 ਹਫ਼ਤਿਆਂ ਦੀ ਸਖ਼ਤ ਸਿਖਲਾਈ ਪੂਰੀ ਕਰਕੇ ਅੱਜ ਦੇਸ਼ ਦੀ ਸੇਵਾ ਲਈ ਪਾਸ ਆਊਟ ਹੋ ਗਈਆਂ । ਐਸ.ਟੀ.ਸੀ ਦੇ IG ਸਿੰਧੂ ਕੁਮਾਰ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਇਸ ਪਰੇਡ ਵਿੱਚ, ਪਾਸ ਆਊਟ ਰੰਗਰੂਟਾਂ ਦੀ ਟੁਕੜੀ ਵੱਲੋਂ ਮੁੱਖ ਮਹਿਮਾਨ ਨੂੰ ਜਨਰਲ ਸਲਾਮੀ ਨਾਲ ਸਨਮਾਨਿਤ ਕੀਤਾ ਗਿਆ। ਰੰਗਰੂਟਾਂ ਨੇ ਰਾਸ਼ਟਰੀ ਝੰਡੇ ਹੇਠ ਸੰਵਿਧਾਨ ਅਤੇ ਦੇਸ਼ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕੀ। ਮੁੱਖ ਮਹਿਮਾਨ ਨੇ ਰੰਗਰੂਟਾਂ ਨੂੰ ਸਿਖਲਾਈ ਸੰਪੂਰਨ ਹੋਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਆਤਮ-ਵਿਸ਼ਵਾਸ, ਹੁਨਰ ਅਤੇ ਤਾਲਮੇਲ ਦੇ

ਸ਼ਾਨਦਾਰ ਪ੍ਰਦਰਸ਼ਨ ਦੀ ਦਿਲੋਂ ਸ਼ਲਾਘਾ ਕੀਤੀ ਜੋ ਕਿ ਪਰੇਡ ਦੀ ਵਿਸ਼ੇਸ਼ਤਾ ਸੀ। ਉਨ੍ਹਾਂ ਨੇ ਕਮਾਂਡੈਂਟ (ਸਿਖਲਾਈ) ਰਤਨੇਸ਼ ਕੁਮਾਰ, ਅਤੇ ਸਿਖਲਾਈ ਸਟਾਫ ਨੂੰ ਇਨ੍ਹਾਂ ਰੰਗਰੂਟਾਂ ਨੂੰ ਆਤਮ-ਵਿਸ਼ਵਾਸੀ, ਅਨੁਸ਼ਾਸਿਤ ਅਤੇ ਹੁਨਰਮੰਦ ਪ੍ਰਹਾਰੀਆਂ ਵਿੱਚ ਢਾਲਣ ਦੇ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਸਫਲ ਯਤਨਾਂ ਲਈ ਵਧਾਈ ਦਿੱਤੀ।

---------------------------------------------------------------

25ਵੀਂ ਫਿੱਟ ਇੰਡੀਆ 'ਸੰਡੇਸ ਓਨ ਸਾਈਕਲ' ਪਹਿਲਕਦਮੀ ਦੇ ਤਹਿਤ, ਅੱਜ ਦੇਸ਼ ਭਰ ਵਿੱਚ 2 ਹਜ਼ਾਰ ਤੋਂ ਵੱਧ ਥਾਵਾਂ 'ਤੇ ਇੱਕ ਵਿਸ਼ੇਸ਼ ਤਿਰੰਗਾ ਰੈਲੀ ਦਾ ਆਯੋਜਨ ਕੀਤਾ ਗਿਆ । ਯੁਵਾ ਮਾਮਲੇ ਅਤੇ ਖੇਡ ਮੰਤਰੀ ਮਨਸੁਖ ਮਾਂਡਵੀਆ ਰਾਜਧਾਨੀ ਦਿੱਲੀ ਵਿੱਚ ਇਸਦੀ ਅਗਵਾਈ ਕੀਤੀ । ਇਸੇ ਦੌਰਾਨ ਵਿਸ਼ਵ ਸਾਈਕਲਿੰਗ ਦਿਵਸ ਮਨਾਉਣ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਖੇਡ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਇਕ ਸਾਈਕਲ ਰੈਲੀ ਵਿੱਚ ਕੱਢੀ ਗਈ । ਡੀਨ ਯੂਨੀਵਰਸਿਟੀ ਇੰਸਟ੍ਰਕਸ਼ਨ ਪ੍ਰੋ. ਯੋਗਨਾ ਰਾਵਤ ਨੇ ਰੈਲੀ ਨੂੰ ਝੰਡੀ ਦੇ ਕੇ ਰਵਾਨਾ ਕੀਤਾ।ਪੀ.ਯੂ ਦੇ ਵਾਈਸ ਚਾਂਸਲਰ, ਪ੍ਰੋ. ਰੇਣੂ ਵਿਗ ਨੇ ਕਿਹਾ ਵਿਦਿਆਰਥੀਆਂ ਨੂੰ ਸਾਈਕਲਿੰਗ ਅਤੇ ਨਿਯਮਤ ਕਸਰਤ ਨੂੰ ਆਪਣੀ ਜੀਵਨ ਸ਼ੈਲੀ ਦਾ ਇੱਕ ਅਨਿੱਖੜਵਾਂ ਅੰਗ ਬਣਾਉਣਾ ਚਾਹੀਦਾ ਏ । ਭਾਰਤੀ ਖੇਡ ਅਥਾਰਟੀ ਦੇ ਉਤਰੀ

ਕੇਂਦਰ ਜ਼ੀਰਕਪੁਰ ਦੇ ਕਾਰਜਕਾਰੀ ਨਿਰਦੇਸ਼ਕ, ਮੰਜੂ ਸ੍ਰੀ ਨੇ ਵੀ ਰੱਖੀ ਨੂੰ ਸੰਬੋਧਨ ਕੀਤਾ। ਇਹ ਪ੍ਰੋਗਰਾਮ ਪੀ.ਯੂ. ਵਲੋਂ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਫਿੱਟ ਇੰਡੀਆ ਮੁਹਿੰਮ ਦੇ ਹਿੱਸੇ ਵਜੋਂ ਕੀਤਾ ਗਿਆ ਸੀ। ਇਸ ਰੈਲੀ ਵਿਚ 450 ਤੋਂ ਵੱਧ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਨਾਗਰਿਕਾਂ ਨੇ ਹਿੱਸਾ ਲਿਆ।

-----------------------------------------------------------

ਅੰਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਅਮਰੀਕਾ ਦੇ ਸੈਕਰਾਮੈਂਟੋ ਸਥਿਤ ਪ੍ਰਸਿੱਧ ਅਟਾਰਨੀ ਅਤੇ ਸਮਾਜ ਸੇਵੀ ਜਸਪ੍ਰੀਤ ਸਿੰਘ ਨਾਲ ਇਤਿਹਾਸਕ ਸਮਝੌਤਾ ਕੀਤਾ ਏ। ਇਸ ਸਮਝੌਤੇ ਤਹਿਤ ਜਸਪ੍ਰੀਤ ਸਿੰਘ ਨੇ ਯੂਨੀਵਰਸਿਟੀ ਵਿੱਚ “ਗੁਰੂ ਨਾਨਕ ਚੇਅਰ” ਸਥਾਪਤ ਕਰਨ ਦਾ ਐਲਾਨ ਕੀਤਾ ਏ , ਜਿਸ ਦੀ ਪੰਜ ਸਾਲਾਂ ਲਈ ਪੂਰੀ ਫੰਡਿੰਗ ਉਹ ਖੁਦ ਕਰਨਗੇ। ਇਸ ਦਾ ਮਕਸਦ ਗੁਰੂ ਨਾਨਕ ਦੇਵ ਜੀ ਦੀਆਂ ਸਰਵ ਵਿਆਪਕ ਸਿੱਖਿਆਵਾਂ - ਸਮਾਨਤਾ, ਦਇਆ, ਸੇਵਾ ਅਤੇ ਮਨੁੱਖਤਾ ਦੀ ਏਕਤਾ - ਦਾ ਡੂੰਘਾਈ ਨਾਲ ਅਧਿਐਨ ਅਤੇ ਪ੍ਰਸਾਰ ਕਰਨਾ ਹੋਵੇਗਾ। ਇਸ ਲਈ 3 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਨਾਲ ਇੱਕ ਪੂਰਨ-ਸਮੇਂ ਦੇ ਚੇਅਰ ਪ੍ਰੋਫੈਸਰ, ਖੋਜ ਸਹਾਇਕ ਅਤੇ ਹੋਰ ਅਕਾਦਮਿਕ ਸਰੋਤਾਂ ਦੀ ਨਿਯੁਕਤੀ ਕੀਤੀ ਜਾਵੇਗੀ। ਖੋਜ ਕਾਰਜਾਂ

ਲਈ 10 ਵਿਦਿਆਰਥੀਆਂ ਨੂੰ ਹਰ ਮਹੀਨੇ 8,000 ਰੁਪਏ ਦੀ ਖੋਜ ਸਕਾਲਰਸ਼ਿਪ ਦੇਣ ਦਾ ਵੀ ਐਲਾਨ ਕੀਤਾ ਗਿਆ ਏ ।

-----------------------------------------------------

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਨਿਰਪੱਖ ਅਤੇ ਪਾਰਦਰਸ਼ੀ ਬਣਾਉਣ ਲਈ ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਸਟੈਟਿਕ ਸਰਵੇਲੈਂਸ ਟੀਮਾਂ ਅਤੇ ਉਡਣ ਦਸਤਿਆਂ ਨੂੰ ਸ਼ਰਾਬ, ਨਕਦੀ ਅਤੇ ਤਸਕਰੀ ਦੇ ਗੈਰ-ਕਾਨੂੰਨੀ ਪ੍ਰਵਾਹ ਨੂੰ ਰੋਕਣ ਲਈ ਵਾਹਨਾਂ ਦੀ ਪੂਰੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਨੇ। ਉਨ੍ਹਾਂ ਦਸਿਆ ਕਿ ਇਸ ਟੀਮਾਂ 24 ਘੰਟੇ ਕੰਮ ਕਰ ਰਹੀਆਂ ਨੇ। ਇਸ ਤੋਂ ਇਲਾਵਾ ਖਰਚ ਨਿਗਰਾਨੀ ਵਿਧੀ ਨੂੰ ਮਜ਼ਬੂਤ ਕਰਨ ਲਈ ਅੱਠ ਵੀਡੀਓ ਨਿਗਰਾਨੀ ਟੀਮਾਂ ਇੱਕ ਵੀਡੀਓ ਦੇਖਣ ਵਾਲੀ ਟੀਮ ਅਤੇ ਇੱਕ ਲੇਖਾ ਟੀਮ ਬਣਾਈ ਗਈ ਏ। ਸ੍ਰੀ ਜੈਨ ਨੇ ਸਪੱਸ਼ਟ ਕੀਤਾ ਕਿ 50,000 ਰੁਪਏ ਤੱਕ ਦੀ ਨਕਦੀ ਲਿਜਾਣ ਲਈ ਕਿਸੇ ਦਸਤਾਵੇਜ਼ ਦੀ ਲੋੜ ਨਹੀਂ ਏ । ਹਾਲਾਂਕਿ, 50,000 ਤੋਂ 10 ਲੱਖ ਰੁਪਏ ਤੱਕ ਦੀ ਰਕਮ ਦੇ ਨਾਲ ਵੈਧ ਸਬੂਤ ਹੋਣੇ ਚਾਹੀਦੇ ਹਨ ਜਦੋਂ ਕਿ 10 ਲੱਖ ਰੁਪਏ ਤੋਂ ਵੱਧ ਦੀ ਨਕਦੀ ਜ਼ਬਤ ਕਰਨ ਵਾਲੀਆਂ ਟੀਮਾਂ ਦੁਆਰਾ ਹੋਰ ਜਾਂਚ ਲਈ ਆਮਦਨ ਕਰ ਵਿਭਾਗ ਨੂੰ ਰਿਪੋਰਟ ਕੀਤੀ ਜਾਵੇਗੀ।

-----------------------------------------------------------------

ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ, ਅਤੇ ਚੰਡੀਗੜ੍ਹ ਸਮੇਤ ਹੋਰਨਾਂ ਲਈ ਸੂਬਿਆਂ ਵਿਚ ਵਿੱਚ ਆਉਂਦੇ ਬੁੱਧਵਾਰ ਤੱਕ ਤੇਜ਼ ਹਵਾਵਾਂ ਵਗਣ ਅਤੇ ਗਰਜ ਨਾਲ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਏ । ਵਿਭਾਗ ਨੇ ਅਗਲੇ ਤਿੰਨ ਦਿਨਾਂ ਲਈ ਪੱਛਮੀ ਰਾਜਸਥਾਨ ਵਿੱਚ ਧੂੜ ਭਰੀਆਂ ਹਨੇਰੀਆਂ ਦੀ ਸੰਭਾਵਨਾ ਵੀ ਜਤਾਈ ਏ ।

-----------------------------------------------------------------

IPL ਕ੍ਰਿਕਟ ਦੇ ਦੂਜੇ ਕੁਆਲੀਫਾਇਰ ਵਿੱਚ, ਪੰਜ ਵਾਰ ਦੀ ਚੈਂਪੀਅਨ ਮੁੰਬਈ ਇੰਡੀਅਨਜ਼ ਦਾ ਮੁਕਾਬਲਾ ਅੱਜ ਅਹਿਮਦਾਬਾਦ ਵਿੱਚ ਪੰਜਾਬ ਕਿੰਗਜ਼ ਨਾਲ ਹੋਵੇਗਾ । ਮੈਚ ਸ਼ਾਮ 7.30 ਵਜੇ ਸ਼ੁਰੂ ਹੋਵੇਗਾ। ਮੈਚ ਦੀ ਜੇਤੂ ਟੀਮ ਮੰਗਲਵਾਰ ਨੂੰ ਅਹਿਮਦਾਬਾਦ ਵਿੱਚ ਹੋਣ ਵਾਲੇ ਫਾਈਨਲ ਵਿੱਚ ਰਾਇਲ ਚੈਲੇਂਜਰਜ਼ ਬੰਗਲੌਰ ਦਾ ਸਾਹਮਣਾ ਕਰੇਗੀ। ਮੁੰਬਈ ਇੰਡੀਅਨਜ਼ ਨੇ ਹੁਣ ਤੱਕ ਪੰਜ ਖਿਤਾਬ ਜਿੱਤੇ ਨੇ ਜਦੋਂ ਕਿ ਪੰਜਾਬ ਨੇ ਇੱਕ ਵਾਰ ਵੀ ਖਿਤਾਬ ਨਹੀਂ ਜਿੱਤਿਆ ।

-----------------------------------------------------------------

- ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਿਹਾ-ਕੇਂਦਰ ਸਰਕਾਰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ, ਫੋਰੈਂਸਿਕ ਸਬੂਤ-ਅਧਾਰਤ ਪਹੁੰਚ ਨੂੰ ਤਰਜੀਹ ਦੇ ਰਹੀ ਏ ।

- ਤੇਲ ਕੰਪਨੀਆਂ ਨੇ ਅੱਜ ਤੋਂ 19 ਕਿਲੋਗ੍ਰਾਮ ਵਾਲੇ ਵਪਾਰਕ ਐਲ.ਪੀ.ਜੀ ਸਿਲੰਡਰ ਦੀ ਕੀਮਤ ਵਿਚ 24 ਰੁਪਏ ਕੀਤੀ ਕਟੌਤੀ।
- ਪਟਿਆਲਾ ਵਿਚ ਅਸਮਾਨੀ ਬਿਜਲੀ ਡਿਗਣ ਕਰਕੇ ਤਿੰਨ ਘਰ ਨੁਕਸਾਨੇ ਗਏ- ਸਿਹਤ ਮੰਤਰੀ ਨੇ ਪੀੜਿਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਦੇਣ ਦਾ ਕੀਤਾ ਐਲਾਨ I
- ਦੁੱਧ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਅੱਜ ਵਿਸ਼ਵ ਦੁੱਧ ਦਿਵਸ ਮਨਾਇਆ ਜਾ ਰਿਹਾ ਏ।
- 25ਵੀਂ ਫਿੱਟ ਇੰਡੀਆ 'ਸੰਡੇਸ ਓਨ ਸਾਈਕਲ' ਪਹਿਲਕਦਮੀ ਤਹਿਤ,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਸਾਈਕਲ ਰੈਲੀ ਦਾ ਆਯੋਜਨ।
- IPL ਕ੍ਰਿਕਟ ਦੇ ਦੂਜੇ ਕੁਆਲੀਫਾਇਰ ਵਿੱਚ, ਮੁੰਬਈ ਇੰਡੀਅਨਜ਼ ਦਾ ਮੁਕਾਬਲਾ ਅੱਜ ਪੰਜਾਬ ਕਿੰਗਜ਼ ਨਾਲ ਹੋਵੇਗਾ।

**ਇਸਦੇ ਨਾਲ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,**
**ਪ੍ਰਦੇਸ਼ਕ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7**
**ਵੱਜਕੇ 30 ਮਿੰਟ 'ਤੇ ਨਮਸਕਾਰ !**